**2022 (ਫੇਜ਼ 2) ਖਪਤ ਵਾਊਚਰ ਸਕੀਮ**

**ਸਕੀਮ ਬਾਰੇ ਜਾਣਕਾਰੀ ਨੋਟਸ**

2022 (ਫੇਜ਼ 2) ਖਪਤ ਵਾਊਚਰ ਸਕੀਮ ("ਸਕੀਮ") ਦੇ ਅਧੀਨ, ਸਥਾਨਕ ਖਪਤ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ $10,000 / $5,000 ਦੇ ਕੁੱਲ ਮੁੱਲ ਵਾਲੇ ਇਲੈਕਟ੍ਰਾਨਿਕ ਖਪਤ ਵਾਊਚਰ ਹਰੇਕ ਯੋਗ ਵਿਅਕਤੀ ਨੂੰ ਕਿਸ਼ਤਾਂ ਰਾਹੀਂ ਵੰਡੇ ਜਾਣਗੇ, ਤਾਂ ਜੋ ਆਰਥਿਕ ਰਿਕਵਰੀ ਵਿੱਚ ਤੇਜ਼ੀ ਲਿਆਈ ਜਾ ਸਕੇ ਅਤੇ ਡਿਜਿਟਲ ਆਰਥਿਕਤਾ ਦੇ ਵਿਕਾਸ ਨੂੰ ਉਤਸ਼ਾਹਤ ਕੀਤਾ ਜਾ ਸਕੇ।

**<u>ਯੋਗਤਾ ਮਾਪਦੰਡ</u>**

ਰਜਿਸਟਰ ਕਰਨ ਵਾਲੇ ਵਿਅਕਤੀ ਲਈ ਹੇਠਾਂ ਦਿੱਤੇ ਮਾਪਦੰਡਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ [ਨੋਟ 1] -

(A) 13 ਜੂਨ 2022, ਨੂੰ ਜਾਂ ਉਸ ਤੋਂ ਪਹਿਲਾਂ 18 ਜਾਂ ਉਸ ਤੋਂ ਵੱਧ ਉਮਰ ਹੋਣਾ; ਅਤੇ

(B) 13 ਜੂਨ 2022 ਨੂੰ,

(i) ਹਾਂਗ ਕਾਂਗ ਦਾ ਇਕ ਪੱਕਾ ਵਸਨੀਕ ਹੋਣ ਦੇ ਨਾਤੇ ਉਸ ਕੋਲ ਇਕ ਉਚਿਤ ਹਾਂਗ ਕਾਂਗ ਸਥਾਈ ਪਛਾਣ ਕਾਰਡ ("HKPIC")[ਨੋਟ 2] ਜਾਂ ਇਕ ਉਚਿਤ ਛੋਟ ਪ੍ਰਮਾਣ ਪੱਤਰ ("EC") ਹੋਵੇ ਜਿਸ ਨੂੰ ਰਜਿਸਟ੍ਰੇਸ਼ਨ ਆਫ ਪਰਸਨਸ ਰੈਗੂਲੇਸ਼ਨ, ਕੈਪ. 177ਏ; ਦੇ ਅਧੀਨ ਰਜਿਸਟ੍ਰੇਸ਼ਨ ਕਮਿਸ਼ਨਰ ਵੱਲੋਂ ਜਾਰੀ ਕੀਤਾ ਗਿਆ ਹੋਏ; ਜਾਂ

(ii) ਹਾਂਗ ਕਾਂਗ ਦਾ ਵਸਨੀਕ ਹੋਣ ਦੇ ਨਾਤੇ ਉਸ ਕੋਲ ਇਕ ਉੱਚਿਤ ਹਾਂਗ ਕਾਂਗ ਪਛਾਣ ਕਾਰਡ ("HKIC")[ਨੋਟ 2] ਜਾਂ EC ਹੋਵੇ ਜਿਸ ਨੂੰ ਰਜਿਸਟ੍ਰੇਸ਼ਨ ਆਫ ਪਰਸਨਸ ਰੈਗੂਲੇਸ਼ਨ, ਕੈਪ. 177ਏ, ਦੇ ਅਧੀਨ ਰਜਿਸਟ੍ਰੇਸ਼ਨ ਕਮਿਸ਼ਨਰ ਵੱਲੋਂ ਜਾਰੀ ਕੀਤਾ ਗਿਆ ਹੋਏ, ਜੋ ਹਾਂਗ ਕਾਂਗ ਵਿਖੇ ਹਾਂਗ ਕਾਂਗ ਅਤੇ ਮਕਾਓ ਵੱਲ ਅੱਗੇ ਜਾਣ ਵਾਲੇ ਪਰਮਿਟ 'ਤੇ ਆਇਆ ਹੋਵੇ (ਜਿਸਨੂੰ ਆਮ ਤੌਰ 'ਤੇ "ਇਕ ਤਰਫਾ

ਪਰਮਿਟ” ਕਹਿੰਦੇ ਹਨ) ਜਾਂ, ਜਿਸ ਕੋਲ, ਉੱਪਰ (B)(i) ਦੁਆਰਾ ਸਪੌਂਸਰ ਕੀਤੇ ਇਕ ਨਿਰਭਰ ਵਜੋਂ ਹਾਂਗ ਕਾਂਗ[ਨੋਟ 3] ਵਿੱਚ ਰਹਿਣ ਲਈ ਉਚਿਤ ਆਗਿਆ ਹੋਵੇ; ਜਾਂ

(iii)ਨੋਟ 4 ਦੇ ਅਨੁਸਾਰ, ਹਾਂਗ ਕਾਂਗ ਦਾ ਵਸਨੀਕ ਹੋਣ ਦੇ ਨਾਤੇ ਉਸ ਕੋਲ ਇਕ ਉਚਿਤ HKIC[ਨੋਟ 2] ਜਾਂ EC ਹੋਵੇ ਜਿਸ ਨੂੰ ਰਜਿਸਟ੍ਰੇਸ਼ਨ ਆਫ ਪਰਸਨਸ ਰੈਗੂਲੇਸ਼ਨਸ, ਕੈਪ. 177ਏ ਦੇ ਅਧੀਨ ਰਜਿਸਟ੍ਰੇਸ਼ਨ ਕਮਿਸ਼ਨਰ ਵਲੋਂ ਜਾਰੀ ਕੀਤਾ ਗਿਆ ਹੋਵੇ, ਜਿਸ ਕੋਲ ਹਾਂਗ ਕਾਂਗ ਵਿੱਚ ਰਹਿਣ ਲਈ ਉਚਿਤ ਆਗਿਆ ਹੋਵੇ[ਨੋਟ 3] ਅਤੇ ਉੱਪਰ (B)(ii) ਵਿਚ ਦੱਸੇ ਗਏ ਵਿਅਕਤੀਆਂ ਦੀਆਂ ਕਿਸਮਾਂ ਨਾਲ ਸੰਬੰਧਤ ਨਾ ਹੋਵੇ; ਅਤੇ

(C) ਹਾਂਗ ਕਾਂਗ ਤੋਂ ਪੱਕੇ ਤੌਰ ‘ਤੇ ਰਵਾਨਾ ਨਾ ਹੋਇਆ ਹੋਵੇ ਜਾਂ ਅਜਿਹਾ ਕੋਈ ਇਰਾਦਾ ਨਾ ਹੋਵੇ [ਨੋਟ 5]

[ਨੋਟ 1: ਹਾਂਗ ਕਾਂਗ ਦੀ ਵਿਸ਼ੇਸ਼ ਪ੍ਰਬੰਧਕੀ ਖੇਤਰੀ ਸਰਕਾਰ (“ਸਰਕਾਰ”) ਨਿਰਧਾਰਤ ਮਾਪਦੰਡਾਂ (ਅਰਥਾਤ ਮਾਪਦੰਡ (A) ਤੋਂ (C)) ਅਤੇ ਰਜਿਸਟਰ ਕਰਨ ਵਾਲੇ ਵਿਅਕਤੀਆਂ ਨਾਲ ਸਬੰਧਤ ਕੋਈ ਹੋਰ ਕਾਰਕਾਂ ਨੂੰ, ਜਿਨ੍ਹਾਂ ਨੂੰ ਸਰਕਾਰ 2022 ਖਪਤ ਵਾਊਚਰ ਸਕੀਮ (“ਸਕੀਮ”) ਦੇ ਉਦੇਸ਼ ਲਈ ਢੁਕਵਾਂ ਸਮਝਦੀ ਹੈ (ਜਨਤਕ ਫੰਡਾਂ ਦੀ ਢੁਕਵੀਂ ਵਰਤੋਂ ਨੂੰ ਯਕੀਨੀ ਬਣਾਉਣ, ਸਕੀਮ ਦੀ ਦੁਰਵਰਤੋਂ ਨੂੰ ਰੋਕਣਾ, ਅਤੇ ਅਜਿਹੀ ਕਿਸੇ ਵੀ ਅਦਾਇਗੀ ਨੂੰ ਰੋਕਣਾ ਜੋ ਕੋਈ ਵੀ ਲਾਗੂ ਹੁੰਦੀਆਂ ਕਾਨੂੰਨੀ ਵਿਵਸਥਾਵਾਂ ਜਾਂ ਜ਼ਰੂਰਤਾਂ ਦੇ ਉਲਟ ਹੋਵੇ, ਸ਼ਾਮਲ ਹਨ ਪਰ ਇਹ ਇਥੇ ਤਕ ਸੀਮਤ ਨਹੀਂ।)], ਨੂੰ ਧਿਆਨ ਵਿਚ ਰੱਖਣ ਤੋਂ ਬਾਅਦ ਰਜਿਸਟਰ ਕਰਨ ਵਾਲੇ ਵਿਅਕਤੀਆਂ ਦੀ ਯੋਗਤਾ ਬਾਰੇ ਫੈਸਲਾ ਲੈਣ ਦੇ ਅਧਿਕਾਰ ਰਾਖਵੇਂ ਰੱਖਦੀ ਹੈ।

[ਨੋਟ 2: ਰਜਿਸਟਰ ਕਰਨ ਵਾਲੇ ਕਿਸੇ ਵਿਅਕਤੀ ਨੂੰ HKPIC ਜਾਂ HKIC ‘ਤੇ ਦਸਤਾਵੇਜ਼ੀ ਸਬੂਤਾਂ ਦੇ ਸਬੰਧ ਵਿਚ ਮਾਪਦੰਡ (B) ਨੂੰ ਪੂਰਾ ਕਰਦੇ ਹੋਣ ਵਜੋਂ ਤਾਂ ਵੀ ਵਿਚਾਰਿਆ ਜਾਂਦਾ ਹੈ ਜੇਕਰ ਉਸ ਕੋਲ ਇਕ HKPIC ਜਾਂ HKIC (ਅਰਥਾਤ ROP140/ROP140A) ਲਈ ਇਕ ਉਚਿਤ ਕਲੈਕਸ਼ਨ ਮਿਆਦ ਦੇ ਨਾਲ ਬਿਨੈ-ਪੱਤਰ ਦੀ ਰਸੀਦ ਹੈ। ਸਕੀਮ ਦੇ ਉਦੇਸ਼ ਲਈ, HKIC ਤੋਂ ਭਾਵ ਇੱਕ ਅਜਿਹਾ ਪਛਾਣ ਕਾਰਡ ਹੈ ਜਿਸ ਦੇ

ਉੱਪਰ “Hong Kong Identity Card” (ਹਾਂਗ ਕਾਂਗ ਆਇਡੈਂਟਿਟੀ ਕਾਰਡ) ਸ਼ਬਦ ਲਿਖੇ ਹੁੰਦੇ ਹਨ।]

[ਨੋਟ 3: ਸਕੀਮ ਦੇ ਉਦੇਸ਼ ਲਈ, “ਹਾਂਗ ਕਾਂਗ ਵਿਚ ਰਹਿਣ ਲਈ ਇਕ ਉਚਿਤ ਆਗਿਆ” ਦਾ ਮਤਲਬ ਇਮੀਗ੍ਰੇਸ਼ਨ ਆਰਡੀਨੈਂਸ, ਕੈਪ. 115 ਅਧੀਨ ਹਾਂਗ ਕਾਂਗ ਵਿਚ ਰਹਿਣ ਦੀ ਆਗਿਆ ਹੈ, ਹਾਂਗ ਕਾਂਗ ਵਿੱਚ ਮਹਿਮਾਨਾਂ ਵਜੋਂ ਰਹਿਣ ਦੀ ਆਗਿਆ ਨੂੰ ਛੱਡ ਕੇ।]

[ਨੋਟ 4: ਹੇਠ ਲਿਖੇ ਵਿਅਕਤੀ, ਹਾਂਗ ਕਾਂਗ ਦੇ ਵਸਨੀਕ ਹੋਣ ਦੇ ਨਾਤੇ ਜਿਨ੍ਹਾਂ ਕੋਲ ਕਮਿਸ਼ਨਰ ਆਫ ਰਜਿਸਟ੍ਰੇਸ਼ਨ ਦੁਆਰਾ ਕੈਪ. 177ਏ (ਜਿੱਥੇ ਲਾਗੂ ਹੁੰਦਾ ਹੋਵੇ) ਅਧੀਨ ਜਾਰੀ ਕੀਤਾ ਗਿਆ ਇਕ ਉਚਿਤ HKIC ਜਾਂ EC ਹੋਵੇ ਅਤੇ ਹਾਂਗ ਕਾਂਗ ਵਿਚ ਰਹਿਣ ਦੀ ਉਚਿਤ ਆਗਿਆ ਹੈ, ਸਕੀਮ ਲਈ ਯੋਗ ਨਹੀਂ ਹਨ -

- ਕੋਈ ਵੀ ਵਿਅਕਤੀ ਜੋ ਲੇਬਰ ਸਕੀਮ ਦੀ ਸਰਕਾਰੀ ਦਰਾਮਦ ਦੇ ਅਧੀਨ ਹਾਂਗ ਕਾਂਗ ਦੇ ਬਾਹਰੋਂ ਕੰਟਰੈਕਟ ਵਰਕਰ ਵਜੋਂ ਕੰਮ ਕਰਦਾ ਹੈ; ਜਾਂ
- ਕੋਈ ਵੀ ਵਿਅਕਤੀ ਜੋ ਹਾਂਗ ਕਾਂਗ ਦੇ ਬਾਹਰੋਂ ਘਰੇਲੂ ਸਹਾਇਕ ਵਜੋਂ ਕੰਮ ਕਰਦਾ ਹੈ; ਜਾਂ
- ਕੋਈ ਵੀ ਵਿਅਕਤੀ ਜੋ ਕੌਂਸੁਲਰ ਰਿਲੇਸ਼ਨਜ਼ ਆਰਡੀਨੈਂਸ, ਕੈਪ. 557 ਦੇ ਅਰਥਾਂ ਦੇ ਅੰਦਰ ਕੌਂਸੁਲਰ ਪੋਸਟ ਦਾ ਇਕ ਮੈਂਬਰ ਹੈ; ਜਾਂ
- ਕੋਈ ਵੀ ਵਿਅਕਤੀ ਜੋ ਹਾਂਗ ਕਾਂਗ ਗੈਰੀਸਨ ਦਾ ਇਕ ਮੈਂਬਰ ਹੈ; ਜਾਂ
- ਕੋਈ ਵੀ ਵਿਅਕਤੀ ਜੋ ਕਿਸੇ ਨਿਰਧਾਰਤ ਸੈਂਟ੍ਰਲ ਪੀਪਲਜ਼ ਗਵਰਨਮੈਂਟ ਟ੍ਰੈਵਲ ਦਸਤਾਵੇਜ਼ ਦਾ ਧਾਰਕ ਹੈ।]

[ਨੋਟ 5: ਸਕੀਮ ਦੇ ਉਦੇਸ਼ ਲਈ, ਇਹ ਨਿਰਧਾਰਤ ਕਰਨ ਲਈ ਕਿ ਕੋਈ ਵਿਅਕਤੀ ਹਾਂਗ ਕਾਂਗ ਤੋਂ ਪੱਕੇ ਤੌਰ 'ਤੇ ਰਵਾਨਾ ਹੋ ਗਿਆ ਹੈ ਜਾਂ ਅਜਿਹਾ ਕੋਈ ਇਰਾਦਾ ਹੈ, ਸਰਕਾਰ ਹੇਠਾਂ ਦਿੱਤੇ ਕਾਰਕਾਂ ਦਾ ਧਿਆਨ ਰੱਖੇਗੀ, ਪਰ ਇਨ੍ਹਾਂ ਤੱਕ ਹੀ ਸੀਮਤ ਨਹੀਂ -

(a) ਕੀ ਵਿਅਕਤੀ 18 ਜੂਨ 2019 ਤੋਂ ਲੈ ਕੇ 12 ਜੂਨ 2022 ਤੱਕ ਦੀ ਅਵਧੀ ਦੌਰਾਨ ਹਾਂਗ ਕਾਂਗ ਤੋਂ ਲਗਾਤਾਰ ਗੈਰਹਾਜ਼ਰ ਰਿਹਾ ਹੈ, ਅਤੇ ਜੇ ਅਜਿਹਾ ਹੈ, ਤਾਂ ਉਕਤ ਮਿਆਦ ਦੇ ਦੌਰਾਨ, ਕੀ ਉਹ:

(i) ਪੋਰਟੇਬਲ ਵਿਆਪਕ ਸਮਾਜਕ ਸੁਰੱਖਿਆ ਸਹਾਇਤਾ ਸਕੀਮ, ਗੁਆਂਗਡੋਂਗ ਸਕੀਮ ਅਧੀਨ ਭੱਤੇ, ਜਾਂ ਫੂਜੀਅਨ ਸਕੀਮ ਅਧੀਨ ਸਹਾਇਤਾ ਪ੍ਰਾਪਤਕਰਤਾ ਸੀ;

(ii) ਹਾਂਗ ਕਾਂਗ ਦੇ ਬਾਹਰ ਢੁਕਵੀਂ ਅਥਾਰਟੀ ਦੁਆਰਾ ਮਾਨਤਾ ਪ੍ਰਾਪਤ ਕਿਸੇ ਸਕੂਲ/ਯੂਨੀਵਰਸਿਟੀ ਵਿਚ ਪੜ੍ਹ ਰਿਹਾ/ਰਹੀ ਸੀ;

(iii) ਲੇਬਰ ਵਿਭਾਗ ਵਲੋਂ ਵਿਵਸਥਿਤ ਵਰਕਿੰਗ ਹੌਲੀਡੇ ਸਕੀਮ ਦਾ/ਦੀ ਭਾਗੀਦਾਰ ਸੀ;

(iv) ਮੈਡੀਕਲ ਕਾਰਨਾਂ ਕਰਕੇ ਹਾਂਗ ਕਾਂਗ ਦੇ ਬਾਹਰ ਹਸਪਤਾਲ ਵਿਚ ਭਰਤੀ ਸੀ;

(v) ਸਰਕਾਰ ਜਾਂ ਹਾਂਗ ਕਾਂਗ ਸਥਿਤ ਕਿਸੇ ਕੰਪਨੀ/ਸੰਸਥਾ ਲਈ ਅਸਥਾਈ ਤੌਰ 'ਤੇ* ਹਾਂਗ ਕਾਂਗ ਦੇ ਬਾਹਰ ਡਿਊਟੀਆਂ ਨਿਭਾ ਰਿਹਾ/ਰਹੀ ਸੀ; ਜਾਂ ਅਜਿਹੀਆਂ ਡਿਊਟੀਆਂ ਨਿਭਾ ਰਹੇ ਕਰੀਬੀ ਪਰਿਵਾਰਕ ਮੈਂਬਰ ਨਾਲ ਰਹਿ ਰਿਹਾ/ਰਹੀ ਸੀ; ਅਤੇ/ਜਾਂ

(vi) ਉਸ ਕੋਲ ਇਸ ਸਕੀਮ ਦੇ ਉਦੇਸ਼ ਲਈ ਕੋਈ ਹੋਰ ਅਸਧਾਰਨ ਕਾਰਨ ਇਸ ਦੀ ਵਜ੍ਹਾ ਹਨ ਜੋ ਸ਼ਾਇਦ ਸਰਕਾਰ ਦੁਆਰਾ ਵੈਧ ਵਜੋਂ ਨਿਰਧਾਰਤ ਕੀਤੇ ਗਏ ਹੋ ਸਕਦੇ ਹਨ; ਅਤੇ

**ਸਕੀਮ ਦੇ ਉਦੇਸ਼ ਲਈ, ਇਸਦਾ ਅਰਥ ਹੈ ਕਿ ਵਿਅਕਤੀ ਹਾਂਗ ਕਾਂਗ ਵਿੱਚ ਸਥਿਤ ਕਿਸੇ ਕੰਪਨੀ ਜਾਂ ਸੰਸਥਾ ਦੁਆਰਾ ਨਿਯੁਕਤ ਹੈ ਅਤੇ ਉਸਨੂੰ ਅਸਥਾਈ ਤੌਰ 'ਤੇ ਹਾਂਗ ਕਾਂਗ ਤੋਂ ਬਾਹਰ ਕੰਮ ਕਰਨ ਲਈ ਭੇਜਿਆ ਹੋਇਆ ਹੈ, ਅਤੇ ਤਾਇਨਾਤੀ ਤੋਂ ਬਾਅਦ ਹਾਂਗ ਕਾਂਗ ਵਾਪਸ ਆਉਣ ਦਾ ਇਰਾਦਾ ਰੱਖਦਾ ਹੈ।*

(b) ਕੀ ਵਿਅਕਤੀ ਨੇ 13 ਜੂਨ 2022 ਨੂੰ ਜਾਂ ਇਸ ਤੋਂ ਪਹਿਲਾਂ, MPF ਕਾਨੂੰਨ ਦੇ ਅਧੀਨ ਹਾਂਗ ਕਾਂਗ ਤੋਂ ਸਥਾਈ ਵਿਦਾਇਗੀ ਦੇ ਆਧਾਰ 'ਤੇ 65 ਸਾਲ ਦੀ ਉਮਰ ਤੱਕ ਪਹੁੰਚਣ ਤੋਂ ਪਹਿਲਾਂ ਆਪਣੇ ਲਾਜ਼ਮੀ ਪ੍ਰਾਵੀਡੈਂਟ ਫੰਡ ("MPF") ਜਾਂ MPF ਛੋਟ ਵਾਲੇ ਕਿੱਤਾਮੁਖੀ ਰਿਟਾਇਰਮੈਂਟ ਸਕੀਮਾਂ ਦੇ ਤਹਿਤ ਲਾਭਾਂ ਨੂੰ ਕਢਵਾਉਣ ਲਈ ਕਿਸੇ ਵੀ ਵੈਧ ਦਾਅਵੇ ਦੀਆਂ ਬੇਨਤੀਆਂ ਪੇਸ਼ ਕੀਤੀਆਂ ਹਨ; ਅਤੇ

(c) ਜੇ ਵਿਅਕਤੀ ਹਾਂਗ ਕਾਂਗ ਦਾ ਸਥਾਈ ਨਿਵਾਸੀ ਹੈ ਤਾਂ ਕੀ ਉਸ ਕੋਲ 13 ਜੂਨ 2022 ਤੱਕ, ਸਥਾਨਕ ਤੌਰ 'ਤੇ ਜਾਰੀ ਕੀਤਾ ਗਿਆ ਇੱਕ ਉਚਿਤ HKPIC ਹੈ; ਅਤੇ

(d) ਕੀ ਅਜਿਹਾ ਕੋਈ ਸਬੂਤ ਜਾਂ ਜਾਣਕਾਰੀ ਹੈ ਜਿਸ ਦੇ ਆਧਾਰ 'ਤੇ ਸਰਕਾਰ ਦਾ ਮੰਨਣਾ ਹੈ ਕਿ ਵਿਅਕਤੀ ਦਾ ਆਉਣ ਵਾਲੇ ਭਵਿੱਖ ਵਿੱਚ ਹਾਂਗ ਕਾਂਗ ਵਾਪਸ ਆਉਣ ਦਾ ਕੋਈ ਇਰਾਦਾ ਨਹੀਂ ਹੈ।]

**ਵਾਊਚਰ ਦਾ ਮੁੱਲ**

| | **ਯੋਗਤਾ ਮਾਪਦੰਡਾਂ (A); (B)(i) ਜਾਂ (B)(ii); ਅਤੇ (C) ਨੂੰ ਪੂਰਾ ਕਰਨ ਵਾਲੇ ਰਜਿਸਟਰ ਵਿਅਕਤੀਆਂ ਲਈ** | **ਯੋਗਤਾ ਮਾਪਦੰਡਾਂ (A); (B)(iii); ਅਤੇ (C) ਨੂੰ ਪੂਰਾ ਕਰਨ ਵਾਲੇ ਰਜਿਸਟਰ ਵਿਅਕਤੀਆਂ ਲਈ** |
|---|---|---|
| **ਯੋਗ ਰਜਿਸਟਰ ਵਿਅਕਤੀ ਜਿਨ੍ਹਾਂ ਨੂੰ 2022 (ਫੇਜ਼ 1) ਖਪਤ ਵਾਊਚਰ ਸਕੀਮ ਅਧੀਨ ਵਾਊਚਰ ਵੰਡੇ ਗਏ ਹਨ** | $5,000 | ਸਕੀਮ ਅਧੀਨ ਕੋਈ ਵਾਊਚਰ ਨਹੀਂ ਵੰਡਿਆ ਜਾਵੇਗਾ |
| **ਯੋਗ ਰਜਿਸਟਰ ਵਿਅਕਤੀ ਜਿਨ੍ਹਾਂ ਨੂੰ 2022 (ਫੇਜ਼ 1) ਖਪਤ ਵਾਊਚਰ ਸਕੀਮ ਅਧੀਨ ਵਾਊਚਰ ਨਹੀਂ ਵੰਡੇ ਗਏ ਹਨ** | $5,000 | $5,000 |

**ਰਜਿਸਟ੍ਰੇਸ਼ਨ, ਇਕੱਤਰੀਕਰਨ ਅਤੇ ਵਰਤੋਂ**

ਯੋਗ ਵਿਅਕਤੀ ਹੇਠਾਂ ਦਿੱਤੀਆਂ ਸਟੋਰਡ ਵੈਲਿਊ ਫੈਸੀਲਿਟੀਜ਼ (“SVFs”) ਵਿੱਚੋਂ ਕਿਸੇ ਇਕ ਤੋਂ ਵਾਊਚਰ ਇਕੱਤਰ ਕਰ ਸਕਦੇ ਹਨ: ਅਲੀਪੇਅ ਐਚ.ਕੇ. (Alipay HK), ਬੀਓਸੀ ਪੇਅ (BoC Pay), ਓਕਟੋਪਸ (Octopus), ਪੇਅਮੀ (PayMe) ਫਰਾਮ HSBC, ਟੈਪ ਐਂਡ ਗੋ (Tap & Go) ਵੀਚੈਟ ਪੇਅ ਐਚ.ਕੇ. (WeChat Pay HK)

***ਰਜਿਸਟ੍ਰੇਸ਼ਨ***

ਰਜਿਸਟਰ ਕਰਨ ਵਾਲੇ ਉਹਨਾਂ ਵਿਅਕਤੀਆਂ ਜਿਨ੍ਹਾਂ ਨੇ 2021 ਖਪਤ ਵਾਊਚਰ ਸਕੀਮ ਅਧੀਨ ਸਫਲਤਾਪੂਰਵਕ ਰਜਿਸਟਰ ਕੀਤਾ ਹੈ, ਜਦੋਂ ਤੱਕ ਉਹ ਆਪਣੇ ਰਜਿਸਟ੍ਰੇਸ਼ਨ ਡੇਟਾ (ਵਾਊਚਰ ਪ੍ਰਾਪਤ ਕਰਨ ਲਈ SVF ਖਾਤੇ ਸਮੇਤ) ਵਿਚ ਸੋਧ ਨਹੀਂ ਕਰਨਾ ਚਾਹੁੰਦੇ, ਨੂੰ ਦੁਬਾਰਾ ਰਜਿਸਟਰ ਕਰਨ ਦੀ ਜ਼ਰੂਰਤ ਨਹੀਂ ਹੈ ਅਤੇ ਉਨ੍ਹਾਂ ਦੀ ਯੋਗਤਾ ਦੀ ਪੁਸ਼ਟੀ ਹੋ ਜਾਣ ‘ਤੇ ਉਨ੍ਹਾਂ ਨੂੰ ਉਸੀ SVF ਖਾਤੇ ਰਾਹੀਂ ਢੁਕਵੇਂ ਵਾਊਚਰ ਆਪਣੇ ਆਪ ਪ੍ਰਾਪਤ ਹੋਣਗੇ। ਜੇਕਰ ਉਹ ਰਜਿਸਟ੍ਰੇਸ਼ਨ ਡੇਟਾ ਵਿੱਚ ਸੋਧ ਕਰਨਾ ਚਾਹੁੰਦੇ ਹਨ ਜਾਂ ਉਹਨਾਂ ਨੇ 2021 ਖਪਤ ਵਾਉਚਰ ਸਕੀਮ ਲਈ ਸਫਲਤਾਪੂਰਵਕ ਰਜਿਸਟਰ ਨਹੀਂ ਕੀਤਾ ਹੈ, ਉਹ ਸਕੀਮ ਦੀ ਵੈੱਬਸਾਈਟ (www.consumptionvoucher.gov.hk) ਵਿੱਚ ਕੇਂਦਰੀ ਰਜਿਸਟ੍ਰੇਸ਼ਨ ਪੋਰਟਲ ਰਾਹੀਂ 23 ਜੂਨ ਤੋਂ 23 ਜੁਲਾਈ ਦੌਰਾਨ ਆਨ-ਲਾਈਨ, ਜਾਂ ਅਸਥਾਈ ਸੇਵਾ ਕੇਂਦਰਾਂ ਵਿੱਚੋਂ ਕਿਸੇ ਇੱਕ 'ਤੇ (ਕਿਰਪਾ ਕਰਕੇ ਸੇਵਾ ਕੇਂਦਰਾਂ 'ਤੇ ਜਾਣ ਤੋਂ ਪਹਿਲਾਂ ਮੁਲਾਕਾਤ ਲਈ 18 5000 'ਤੇ ਕਾਲ ਕਰੋ) ਰਜਿਸਟਰ ਕਰ ਸਕਦੇ ਹਨ।

***ਇਕੱਤਰੀਕਰਨ***

ਰਜਿਸਟਰ ਕਰਨ ਵਾਲੇ ਸਫਲ ਵਿਅਕਤੀ ਜਿਨ੍ਹਾਂ ਨੇ ਓਕਟੋਪਸ (Octopus) ਨੂੰ ਚੁਣਿਆ ਹੈ, ਹੇਠਾਂ ਦਿੱਤੇ ਚੈਨਲਾਂ ਰਾਹੀਂ ਖਪਤ ਵਾਊਚਰ ਇਕੱਤਰ ਕਰ ਸਕਦੇ ਹਨ:

1. MTR ਸਟੇਸ਼ਨਾਂ, ਲਾਈਟ ਰੇਲ ਗ੍ਰਾਹਕ ਸੇਵਾ ਕੇਂਦਰਾਂ, ਨਿਰਧਾਰਤ ਜਨਤਕ ਟਰਾਂਸਪੋਰਟ ਇੰਟਰਚੇਂਜ

ਅਤੇ ਨਿਰਧਾਰਤ ਫੈਰੀ ਪੀਅਰਾਂ ‘ਤੇ ਸਥਾਪਤ ਸਬਸਿਡੀ ਇਕੱਤਰੀਕਰਨ ਪੁਆਇੰਟ;

2. 7-ਇਲੈਵਨ (7-Eleven), ਸਰਕਲ ਕੇ (Circle K), ਵੈੱਲਕਮ (Wellcome), ਮਾਰਕੀਟ ਪਲੇਸ ਬਾਏ ਜੇਸਨਸ (Market Place by Jasons), ਮਾਰਕੀਟ ਪਲੇਸ (Market Place), ਥ੍ਰੀਸਿਕਸਟੀ (3hresixty) ਅਤੇ ਜੇਸਨਸ ਇਚੀਬਾ (Jasons ichiba) ਦੀਆਂ ਸਾਰੀਆਂ ਦੁਕਾਨਾਂ;
3. ਓਕਟੋਪਸ ਸੇਵਾ ਪੁਆਇੰਟ; ਅਤੇ
4. ਓਕਟੋਪਸ ਐਪ।

ਰਜਿਸਟਰ ਕਰਨ ਵਾਲੇ ਸਫਲ ਵਿਅਕਤੀਆਂ ਜਿਨ੍ਹਾਂ ਨੇ ਅਲੀਪੇਅ ਐਚ.ਕੇ. (Alipay HK), ਬੀਓਸੀ ਪੇਅ (BoC Pay), ਪੇਅਮੀ (PayMe) ਫਰਾਮ HSBC, ਟੈਪ ਐਂਡ ਗੋ (Tap & Go) ਅਤੇ ਵੀਚੈਟ ਪੇਅ ਐਚ.ਕੇ. (WeChat Pay HK) ਨੂੰ ਚੁਣਿਆ ਹੈ, ਦੇ ਖਪਤ ਵਾਊਚਰ ਰਜਿਸਟਰਡ SVF ਖਾਤਿਆਂ ਵਿਚ ਸਿੱਧੇ ਜਮ੍ਹਾਂ ਕੀਤੇ ਜਾਣਗੇ।

***ਵਰਤੋਂ***

ਖਪਤ ਵਾਊਚਰਾਂ ਦੀ ਵਰਤੋਂ ਸਥਾਨਕ ਰਿਟੇਲ, ਕੇਟ੍ਰਿੰਗ ਅਤੇ ਸੇਵਾ ਦੁਕਾਨਾਂ ਜਾਂ ਉਨ੍ਹਾਂ ਦੇ ਆੱਨਲਾਈਨ ਪਲੇਟਫਾਰਮਾਂ ‘ਤੇ ਕੀਤੀ ਜਾ ਸਕਦੀ ਹੈ। ਹੇਠਾਂ ਲਿਖੀਆਂ ਲੈਣ ਦੇਣ ਦੀਆਂ ਚੀਜ਼ਾਂ ਸ਼ਾਮਲ ਨਹੀਂ ਹਨ:

- ਸਰਕਾਰ ਨੂੰ ਭੁਗਤਾਨ (ਜਿਵੇਂ ਕਿ, ਟੈਕਸ, ਜੁਰਮਾਨੇ, ਲਾਇਸੰਸ ਫੀਸਾਂ, ਟਨਲ ਫੀਸ, ਪਾਰਕਿੰਗ ਮੀਟਰ)
- ਜਨਤਕ ਸੁਵਿਧਾਵਾਂ ਲਈ ਭੁਗਤਾਨ (ਜਿਵੇਂ ਕਿ, ਪਾਣੀ, ਬਿਜਲੀ ਅਤੇ ਗੈਸ)
- ਜਨਤਕ ਸੰਸਥਾਵਾਂ ਲਈ ਭੁਗਤਾਨ (ਜਿਵੇਂ ਕਿ, ਹਸਪਤਾਲ ਅਥਾਰਟੀ, ਹਾਂਗ ਕਾਂਗ ਹਾਊਸਿੰਗ ਅਥਾਰਟੀ, ਹਾਂਗ ਕਾਂਗ ਹਾਊਸਿੰਗ ਸੁਸਾਇਟੀ)
- ਸਿੱਖਿਆ ਸੰਬੰਧੀ ਖਰਚੇ (ਜਿਵੇਂ ਕਿ, ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਨੂੰ ਭੁਗਤਾਨ ਜੋ ਸਥਾਨਕ ਅਤੇ ਗੈਰ-

ਸਥਾਨਕ ਪਾਠਕ੍ਰਮ ਪੜ੍ਹਾ ਰਹੇ ਹਨ, ਅਤੇ UGC-ਪ੍ਰਾਯੋਜਿਤ ਯੂਨੀਵਰਸਿਟੀਆਂ)

- ਵਿੱਤੀ ਉਤਪਾਦਾਂ ਅਤੇ ਸੇਵਾਵਾਂ ਦੀ ਖਰੀਦ (ਜਿਵੇਂ ਕਿ, ਬੀਮਾ)
- ਦਾਨ (ਚੈਰਿਟੇਬਲ, ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਸ਼ਾਮਲ ਹਨ)
- ਹਾਂਗ ਕਾਂਗ ਦੇ ਬਾਹਰ ਸਥਿਤ ਵਪਾਰੀਆਂ ਤੋਂ ਸਿੱਧੀ ਖਰੀਦ (ਸਥਾਨਕ ਤੌਰ 'ਤੇ ਬਣਾਏ ਗੈਰ-ਸਥਾਨਕ ਆੱਨਲਾਈਨ ਪਲੇਟਫਾਰਮਾਂ ਤੋਂ ਆੱਨਲਾਈਨ ਖਰੀਦਦਾਰੀਆਂ ਸ਼ਾਮਲ ਹਨ)
- ਇਕ ਵਿਅਕਤੀ ਵਲੋਂ ਦੂਜੇ ਵਿਅਕਤੀ ਨੂੰ ਭੁਗਤਾਨ
- ਨਕਦੀਕਰਨ

## ਸਮਾਂ ਸਾਰਣੀ

***ਯੋਗ ਰਜਿਸਟਰਡ ਵਿਅਕਤੀ ਜਿਨ੍ਹਾਂ ਨੇ $5,000 ਕੁੱਲ ਰਕਮ ਦੇ ਵਾਊਚਰ ਪ੍ਰਾਪਤ ਕੀਤੇ ਹਨ***

*ਓਕਟੋਪਸ (Octopus)*

| |
|---|
| **ਪਹਿਲਾ ਵਾਊਚਰ ($2,000)** |
| 7 ਅਗਸਤ |
| **ਦੂਸਰਾ ਵਾਊਚਰ ($2,000)** |
| 1 ਅਕਤੂਬਰ |
| **ਤੀਸਰਾ ਵਾਊਚਰ ($1,000)** |
| 16 ਦਿਸੰਬਰ 2022<br><br>(ਜੇ ਕੁਲ ਯੋਗ ਖਰਚ 30 ਨਵੰਬਰ 2022 ਮਿਤੀ ਤੱਕ $4,000 'ਤੇ ਪਹੁੰਚ ਗਿਆ ਹੈ) |

| |
|---|
| ਜਾਂ 16 ਜਨਵਰੀ 2023 / 16 ਫ਼ਰਵਰੀ 2023 / 16 ਮਾਰਚ 2023 / 16 ਅਪ੍ਰੈਲ 2023 (ਜੇ ਕੁਲ ਯੋਗ ਖਰਚ ਮਿਤੀ 31 ਦਿਸੰਬਰ 2022 / 31 ਜਨਵਰੀ 2023 / 28 ਫਰਵਰੀ 2023 / 31 ਮਾਰਚ 2023 ਤੱਕ $4,000 'ਤੇ ਪਹੁੰਚ ਗਿਆ ਹੈ) |

ਇਹ ਵਾਊਚਰ 30 ਸਤੰਬਰ 2023 ਤੱਕ ਇਕੱਤਰ ਕਰ ਲਏ ਜਾਣੇ ਚਾਹੀਦੇ ਹਨ।

*AlipayHK, BoC Pay, PayMe ਫਰਾਮ HSBC, Tap&Go, WeChat Pay HK*

| **ਵੰਡਣ ਦੀ ਮਿਤੀ** |
|---|
| **ਪਹਿਲਾ ਵਾਊਚਰ ($2,000)** |
| 7 ਅਗਸਤ |
| **ਦੂਸਰਾ ਵਾਊਚਰ ($3,000)** |
| 1 ਅਕਤੂਬਰ |

ਇਨ੍ਹਾਂ ਵਾਊਚਰਾਂ ਦੀ ਮਿਆਦ 28 ਫਰਵਰੀ 2023 ਨੂੰ ਖਤਮ ਹੋ ਜਾਏਗੀ।

***ਯੋਗ ਰਜਿਸਟਰਡ ਵਿਅਕਤੀ ਜਿਨ੍ਹਾਂ ਨੇ $10,000 ਕੁੱਲ ਰਕਮ ਦੇ ਵਾਊਚਰ ਪ੍ਰਾਪਤ ਕੀਤੇ ਹਨ***

*ਓਕਟੋਪਸ (Octopus)*

| **ਪਹਿਲਾ ਵਾਊਚਰ ($3,000)** |
|---|
| 7 ਅਗਸਤ |
| **ਦੂਸਰਾ ਵਾਊਚਰ ($3,000)** |
| 1 ਅਕਤੂਬਰ |
| **ਤੀਸਰਾ ਵਾਊਚਰ ($3,000)** |
| 1 ਦਿਸੰਬਰ |

| **ਚੌਥਾ ਵਾਊਚਰ ($1,000)** |
|---|
| 16 ਫਰਵਰੀ 2023<br><br>(ਜੇ ਕੁਲ ਯੋਗ ਖਰਚ 31 ਜਨਵਰੀ 2023 ਮਿਤੀ ਤੱਕ $9,000 'ਤੇ ਪਹੁੰਚ ਗਿਆ ਹੈ)<br><br>ਜਾਂ ਮਿਤੀ 16 ਮਾਰਚ 2023 / 16 ਅਪ੍ਰੈਲ 2023 / 16 ਮਈ 2023 / 16 ਜੂਨ 2023 (ਜੇ ਕੁਲ ਯੋਗ ਖਰਚ 28 ਫਰਵਰੀ 2023 / 31 ਮਾਰਚ 2023 / 30 ਅਪ੍ਰੈਲ 2023 / 31 ਮਈ 2023 ਮਿਤੀ ਤੱਕ $9,000 'ਤੇ ਪਹੁੰਚ ਗਿਆ ਹੈ) |

ਇਹ ਵਾਊਚਰ 30 ਸਤੰਬਰ 2023 ਤੱਕ ਇਕੱਤਰ ਕਰ ਲਏ ਜਾਣੇ ਚਾਹੀਦੇ ਹਨ।

*AlipayHK, BoC Pay, PayMe ਫਰਾਮ HSBC, Tap&Go, WeChat Pay HK*

| **ਵੰਡਣ ਦੀ ਮਿਤੀ** |
|---|
| **ਪਹਿਲਾ ਵਾਊਚਰ ($3,000)** |
| 7 ਅਗਸਤ |
| **ਦੂਸਰਾ ਵਾਊਚਰ ($3,000)** |
| 1 ਅਕਤੂਬਰ |
| **ਤੀਸਰਾ ਵਾਊਚਰ ($4,000)** |
| 1 ਦਿਸੰਬਰ |

ਇਨ੍ਹਾਂ ਵਾਊਚਰਾਂ ਦੀ ਮਿਆਦ 30 ਅਪ੍ਰੈਲ 2023 ਨੂੰ ਖਤਮ ਹੋ ਜਾਏਗੀ।

**ਪੁੱਛਗਿੱਛ**

ਕਿਰਪਾ ਕਰਕੇ 18 5000 'ਤੇ ਸਕੀਮ ਹਾੱਟਲਾਈਨ ਨੂੰ ਕਾੱਲ ਕਰੋ। ਜੇਕਰ ਤੁਹਾਨੂੰ ਸਕੀਮ ਹਾੱਟਲਾਈਨ ਦੇ

ਸਟਾਫ ਨਾਲ ਗੱਲਬਾਤ ਕਰਨ ਲਈ CHEER ਦੀ ਦੁਭਾਸ਼ੀਆ ਸੇਵਾ ਦੀ ਲੋੜ ਹੈ, ਤਾਂ ਕਿਰਪਾ ਕਰਕੇ

CHEER ਦੀ ਹਾੱਟਲਾਈਨ ਨਾਲ 3755 6844 ‘ਤੇ ਸੰਪਰਕ ਕਰੋ।